ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ
(ਕੋਆਰਡੀਨੇਸਨ ਸਾਖਾ)

ਸੇਵਾ ਵਿਖੇ

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ

ਮੀਮੋ ਨੰ: 15/61-13 ਕੋ.ਸੈਲ (1)/336
ਮਿਤੀ: 04-09-2015

ਵਿਸ਼ਾ:- ਏ.ਸੀ.ਪੀ ਕਮੇਟੀ ਦੀਆਂ ਬਾਣਾ ਅਤੇ ਸ਼ਰਤਾਂ ਸਬੰਧੀ ਹਦਾਇਤਾਂ।

ਹਵਾਲਾ:- ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ (ਪੀ.ਪੀ-1 ਸਾਖਾ), ਦਾ ਪੱਤਰ ਨੰ: 17/22/2012-1ਪੀ.ਪੀ1/258-259 ਮਿਤੀ 25-08-2015.

ਉਪਰਕੋਤ ਵਿਸੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਜੀ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਨੱਥੀ: ਉਕਤ ਅਨੁਸਾਰ

ਇੰਚਾਰਜ ਕੋਆਰਡੀਨੇਸਨ ਸੈਲ
ਦ. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ

ਪਿੱਠ ਅੰਕਣ ਨੰ: ਉਕਤ ਮਿਤੀ: 04-09-2015

ਉਤਾਰਾ ਦਫਤਰ ਡੀ.ਪੀ.ਆਈ (ਸੈਸਿ), ਪੰਜਾਬ ਦੇ ਸਮੂਹ ਅਮਲਾ ਅਧਿਕਾਰੀਆਂ ਅਤੇ ਡਿਪਟੀ ਕੰਟਰੋਲਰ (ਵਿ ਤੇ ਲੇ ਬਜਟ/ਫੰਡਜ਼) ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਇੰਚਾਰਜ ਕੋਆਰਡੀਨੇਸਨ ਸੈਲ
ਦ. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪੀ.ਪੀ.-1 ਸ਼ਾਖਾ)

## ਹੁਕਮ

ਪ੍ਰਸੋਨਲ ਵਿਭਾਗ ਦੁਆਰਾ ਜਾਰੀ ਹੁਕਮ ਮਿਤੀ 12 ਮਈ, 2015 ਜੋ ਪਿ: ਅੰ: ਨੰ: ਨੰ: 17/22/2012-1ਪੀਪੀ1/160-161, ਮਿਤੀ 4 ਜੂਨ, 2015 ਰਾਹੀਂ ਜਾਰੀ ਹੋਏ ਹਨ ਅਤੇ ਹੁਕਮ ਮਿਤੀ 16 ਜੁਲਾਈ, 2015, ਜੋ ਪਿ: ਅੰ: ਨੰ: 17/22/2012-1ਪੀਪੀ1/ ਮਿਤੀ 20 ਜੁਲਾਈ, 2015 ਰਾਹੀਂ ਜਾਰੀ ਹੋਏ ਹਨ, ਰਾਹੀਂ ਸ਼੍ਰੀ ਆਰ.ਐਨ.ਗੁਪਤਾ, ਆਈ.ਏ.ਐਸ.(ਰਿਟਾਇਰਡ) ਨੂੰ ਏ.ਸੀ.ਪੀ. ਕਮੇਟੀ ਦਾ ਚੇਅਰਮੈਨ ਅਤੇ ਸ਼੍ਰੀ ਸੀ.ਐਸ.ਤਲਵਾੜ, ਆਈ.ਏ.ਐਸ. (ਰਿਟਾਇਰਡ) ਅਤੇ ਸ਼੍ਰੀ ਜਸਵੰਤ ਸਿੰਘ, ਪੀ.ਸੀ.ਐਸ.(ਰਿਟਾਇਰਡ) ਇਸ ਕਮੇਟੀ ਦੇ ਮੈਂਬਰ ਨਿਯੁਕਤ ਕੀਤਾ ਗਿਆ ਹੈ। ਇਨ੍ਹਾਂ ਹੁਕਮਾਂ ਦੀ ਲਗਾਤਾਰਤਾ ਵਿਚ ਚੇਅਰਮੈਨ ਅਤੇ ਮੈਂਬਰਾਂ ਦੀਆਂ ਬਾਣਾਂ ਅਤੇ ਸ਼ਰਤਾਂ ਹੇਠ ਲਿਖੇ ਅਨੁਸਾਰ ਨਿਰਧਾਰਿਤ ਕੀਤੀਆਂ ਜਾਂਦੀਆਂ ਹਨ :-

1) ਏ.ਸੀ.ਪੀ. ਕਮੇਟੀ ਦਾ ਕਾਰਜਕਾਲ ਕੰਮ ਸ਼ੁਰੂ ਕਰਨ ਦੀ ਮਿਤੀ ਤੋਂ 4 ਮਹੀਨਿਆਂ ਤੱਕ ਦਾ ਹੋਵੇਗਾ।

2) ਚੇਅਰਮੈਨ ਅਤੇ ਮੈਂਬਰਾਂ ਦੀ ਨਿਯੁਕਤੀ ਕਿਸੇ ਵੀ ਸਮੇਂ ਬਿਨ੍ਹਾਂ ਕਿਸੇ ਨੋਟਿਸ ਖਤਮ ਕੀਤੀ ਜਾ ਸਕਦੀ ਹੈ ਅਤੇ ਚੇਅਰਮੈਨ/ਮੈਂਬਰ ਬਿਨ੍ਹਾਂ ਕਿਸੇ ਨੋਟਿਸ ਦੇ ਅਸਤੀਫਾ ਦੇ ਸਕਦੇ ਹਨ।

3) ਕਮੇਟੀ ਦੇ ਚੇਅਰਮੈਨ ਨੂੰ ਰੁਪਏ 50,000/- (ਪੰਜਾਹ ਹਜਾਰ ਰੁਪਏ ਕੇਵਲ) ਅਤੇ ਮੈਂਬਰਾਂ ਨੂੰ ਰੁਪਏ 40,000/- (ਚਾਲੀ ਹਜਾਰ ਰੁਪਏ ਕੇਵਲ) ਪ੍ਰਤੀ ਮੈਂਬਰ ਮਾਨਭੇਟਾ ਵਜੋਂ ਦਿੱਤਾ ਜਾਵੇਗਾ।

4) ਕਮੇਟੀ ਨੂੰ entertainment ਤੇ ਆਉਣ ਵਾਲੇ ਖਰਚੇ ਆਦਿ ਲਈ ਕੁੱਲ ਰੁਪਏ 40,000/- (ਚਾਲੀ ਹਜਾਰ ਰੁਪਏ ਕੇਵਲ) ਤੱਕ ਦਾ ਖਰਚਾ ਦਿੱਤਾ ਜਾਵੇਗਾ।

5) ਕਮੇਟੀ ਦੇ ਦਫਤਰੀ ਖਰਚੇ (ਕੰਪਿਊਟਰ ਸਮੇਤ ਪ੍ਰਿੰਟਰ, ਸਟੇਸ਼ਨਰੀ ਆਦਿ ਲਈ) ਕੁੱਲ ਰੁਪਏ 50,000/- (ਪੰਜਾਹ ਹਜਾਰ ਰੁਪਏ ਕੇਵਲ) ਤੱਕ ਦਾ ਖਰਚਾ ਦਿੱਤਾ ਜਾਵੇਗਾ।

2. ਚੇਅਰਮੈਨ ਅਤੇ ਮੈਂਬਰਾਂ ਵਲੋਂ ਏ. ਸੀ. ਪੀ. ਨਾਲ ਸਬੰਧਤ ਮਾਮਲਿਆਂ ਵਿਚ ਪੇਸ਼ ਆ ਰਹੀਆਂ ਜਾਂ ਆਉਣ ਵਾਲੀਆਂ ਪ੍ਰਸ਼ਾਸਕੀ ਮੁਸ਼ਕਲਾਂ, ਕਾਨੂੰਨੀ ਉਲਝਣਾਂ ਅਤੇ ਮਾਮਲੇ ਨਾਲ ਜੁੜੇ ਹਰ ਪੱਖ ਨੂੰ ਸਾਹਮਣੇ ਰੱਖ ਕੇ ਆਪਣੀਆਂ ਸਿਫਾਰਸ਼ਾਂ ਦੇਣ ਲਈ ਆਪਣੇ ਪੱਧਰ ਤੇ ਯੋਗ ਉਪਰਾਲੇ ਕੀਤੇ ਜਾਣਗੇ ਜਿਸ ਲਈ ਰਾਜ ਸਰਕਾਰ ਦੇ ਕਿਸੇ ਵੀ ਪ੍ਰਬੰਧਕੀ ਵਿਭਾਗ ਤੋਂ ਲੋੜੀਂਦੀ ਸੂਚਨਾ ਇਕੱਠੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਮੰਤਵ ਲਈ ਪ੍ਰਸੋਨਲ ਵਿਭਾਗ ਅਤੇ ਵਿੱਤ ਵਿਭਾਗ ਵਲੋਂ ਵੀ ਕਮੇਟੀ ਨੂੰ ਯੋਗ ਮਦਦ ਦਿੱਤੀ ਜਾਵੇਗੀ।

3. ਇਹ ਪੱਤਰ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੇ ਹੁਕਮਾਂ ਨਾਲ ਜਾਰੀ ਕੀਤਾ ਜਾਂਦਾ ਹੈ।

ਮਿਤੀ,ਚੰਡੀਗੜ੍ਹ

24ਅਗਸਤ, 2015

ਸਰਵੇਸ਼ ਕੌਸ਼ਲ

ਮੁੱਖ ਸਕੱਤਰ, ਪੰਜਾਬ ਸਰਕਾਰ

ਨੰ: 17/22/2012 - 1ਪੀ.ਪੀ.1/258-259 ਮਿਤੀ, ਚੰਡੀਗੜ੍ਹ 25 ਅਗਸਤ, 2015

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1) ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ,ਚੰਡੀਗੜ੍ਹ;
2) ਮਹਾਂਲੇਖਾਕਾਰ (ਆਡਿਟ), ਪੰਜਾਬ,ਚੰਡੀਗੜ੍ਹ।

ਸੰਯੁਕਤ ਸਕੱਤਰ, ਪ੍ਰਸੋਨਲ

ਨੰ:17/22/2012-1ਪੀ.ਪੀ.1/260 - 264 ਮਿਤੀ,ਚੰਡੀਗੜ੍ਹ 25 ਅਗਸਤ, 2015

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1) ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ; ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ, ਮੰਡਲਾਂ ਦੇ ਕਮਿਸ਼ਨਰਜ਼, ਡਿਪਟੀ ਕਮਿਸ਼ਨਰਜ਼, ਉਪ ਮੰਡਲ ਮੈਜਿਸਟਰੇਟ।
2) ਸ਼੍ਰੀ ਆਰ.ਐਨ.ਗੁਪਤਾ, ਆਈ.ਏ.ਐਸ.(ਰਿਟਾਇਰਡ) ਮੈਗਸੀਪਾ, ਸੈਕਟਰ-26, ਚੰਡੀਗੜ੍ਹ,
3) ਸ਼੍ਰੀ ਸੀ.ਐਸ.ਤਲਵਾੜ, ਆਈ.ਏ.ਐਸ. (ਰਿਟਾਇਰਡ),1321, ਸੰਨੀ ਇਨਕਲੇਵ, ਖਰੜ, ਐਸ.ਏ.ਐਸ.ਨਗਰ (ਮੋਹਾਲੀ)।
4) ਸ਼੍ਰੀ ਜਸਵੰਤ ਸਿੰਘ, ਪੀ.ਸੀ.ਐਸ.(ਰਿਟਾਇਰਡ), ਵਾਸੀ ਕੋਠੀ ਨੰ: 4019, ਸੈਕਟਰ-68, ਐਸ.ਏ.ਐਸ. ਨਗਰ (ਮੋਹਾਲੀ)।
5) ਸ਼੍ਰੀ ਐਸ.ਪੀ.ਗੁਪਤਾ, ਉਪ ਸਕੱਤਰ, ਪ੍ਰਸੋਨਲ (ਉਕਤ ਕਮੇਟੀ ਦੇ ਸਕੱਤਰ)

ਸੰਯੁਕਤ ਸਕੱਤਰ, ਪ੍ਰਸੋਨਲ

ਇਸ ਦਾ ਇੱਕ ਉਤਾਰਾ ਸਮੂਹ ਵਧੀਕ ਮੁੱਖ ਸਕੱਤਰ/ਪ੍ਰਮੁੱਖ ਸਕੱਤਰ/ਵਿੱਤੀ ਕਮਿਸ਼ਨਰਜ਼ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:

ਸੰਯੁਕਤ ਸਕੱਤਰ, ਪ੍ਰਸੋਨਲ

ਸੇਵਾ ਵਿਖੇ,

ਸਮੂਹ ਵਧੀਕ ਮੁੱਖ ਸਕੱਤਰ/ਪ੍ਰਮੁੱਖ ਸਕੱਤਰ/ਵਿੱਤੀ ਕਮਿਸ਼ਨਰਜ਼ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ:ਵਿ:ਪੱ:ਨੰ: 17/22/2012-1ਪੀਪੀ1/265 ਮਿਤੀ,ਚੰਡੀਗੜ੍ਹ 25 ਅਗਸਤ, 2015

***ਅੰਦਰੂਨੀ ਵੰਡ*** :-

1. ਸਕੱਤਰ/ ਮੁੱਖ ਸਕੱਤਰ;
2. ਨਿੱਜੀ ਸਕੱਤਰ/ ਸਕੱਤਰ, ਪ੍ਰਸੋਨਲ;
3. ਪੀ.ਏ./ਸੰਯੁਕਤ ਸਕੱਤਰ, ਪ੍ਰਸੋਨਲ।